# ਇਟਲੀ ਦੇ ਸਿੱਖਾਂ ਵੱਲੋਂ ਪਾਕਿਸਤਾਨ ਵਿੱਚ ਕਤਲ ਕੀਤੇ ਸਿੱਖਾਂ ਦੇ ਕਾਤਲਾਂ ਦੀ ਨਿਖੇਧੀ

ਬਰੇਸ਼ੀਆ–(ਬੂਰੇਜੱਟਾਂ) ਪਿਛਲੇ ਦਿਨੀਂ ਪਾਕਿ–ਸਤਾਨ ਵਿੱਚ ਤਾਲਿਬਾਨ ਵਲੋਂ ਫਿਰੌਤੀ ਦੀ ਰਕਮ ਨਾ ਮਿਲਣ ਕਰਕੇ ਕਤਲ ਕੀਤੇ ਸਿੱਖਾਂ ਦੇ ਮਾਮਲੇ ਨੂੰ ਲੈਕੇ ਵਿਦੇਸ਼ੀ ਸਿੱਖਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਟਲੀ ਦੇ ਗੁਰਦੁਆਰਿਆਂ ਦੀ ਸਾਂਝੀ ਨੈਸ਼ਨਲ ਧਰਮ ਪ੍ਰਚਾਰ ਕਮੇਟੀ ਦੇ ਪ੍ਰਧਾਨ ਭਾਈ ਹਰਵੰਤ ਸਿੰਘ ਦਾਦੂਵਾਲ, ਸ਼੍ਰੋਮਣੀ ਅਕਾਲੀ ਦਲ (ਬ) ਦੇ ਜਨਰਲ ਸਕੱਤਰ ਸ: ਉਂਕਾਰ ਸਿੰਘ ਗਿੱਲ, ਸ਼੍ਰੋਮਣੀ ਅਕਾਲੀ ਦਲ (ਅ), ਇਟਲੀ ਦੇ ਪ੍ਰਧਾਨ ਭਾਈ ਲਾਲ ਸਿੰਘ ਸੁਰਤਾਪੁਰ, ਗੁਰਦੁਆਰਾ ਸਿੰਘ ਸਭਾ ਫਲੇਰੋ (ਬਰੇਸ਼ੀਆ) ਦੇ ਪ੍ਰਧਾਨ ਭਾਈ ਨਿਸ਼ਾਨ ਸਿੰਘ ਸਰਪੰਚ ਦੁਆਰਾ ਵੱਖ ਵੱਖ ਬਿਆਨਾਂ ਵਿੱਚ ਤਾਲਿਬਾਨਾਂ ਦੀ ਸਖਤ ਨਿਖੇਧੀ ਕੀਤੀ ਗਈ ਹੈ। ਉਹਨਾਂ ਕਿਹਾ ਕਿ ਸਿੱਖ ਕੌਮ ਨੇ ਕਦੇ ਵੀ ਦੂਜੀਆਂ ਕੌਮਾਂ ਦਾ ਬੁਰਾ ਨਹੀਂ ਚਾਹਿਆ ਪਰ ਤਾਲਿਬਾਨ ਵਲੋਂ ਪਾਕਿਸਤਾਨ ਵਿੱਚ ਸਿੱਖਾਂ ਦੇ ਕਤਲ ਕਰ ਦੇਣ ਵਾਲੀ ਇਸ ਘਟਨਾ ਨੇ ਵਿਸ਼ਵ ਭਰ ਵਿੱਚ ਵਸਦੇ ਸਿੱਖ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਉਹਨਾਂ ਪਾਕਿਸਤਾਨ ਸਰਕਾਰ ਅੱਗੇ ਅਪੀਲ ਕੀਤੀ ਕਿ ਸਿੱਖਾਂ ਦੇ ਕਾਤਲਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਅਤੇ ਉਹਨਾਂ ਦੇ ਕਬਜ਼ੇ ਵਿੱਚ ਇਕ ਹੋਰ ਸਿੱਖ ਨੌਜਵਾਨ ਰੌਬਿਨ ਸਿੰਘ ਦੀ ਜਲਦੀ ਰਿਹਾਈ ਲਈ ਯਤਨ ਕੀਤੇ ਜਾਣ ਤਾਂ ਜੋ ਪਾਕਿਸਤਾਨ ਵਿੱਚ ਵਸਦੀਆਂ ਘੱਟ ਗਿਣਤੀਆਂ ਦਾ ਸਰਕਾਰ ਵਿੱਚ ਵਿਸ਼ਵਾਸ਼ ਬਣਿਆਂ ਰਹੇ। ਇਸ ਘਟਨਾ ਦੀ ਨਿਖੇਧੀ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਅ) ਦੇ ਕਨਵੀਨਰ ਭਾਈ ਜੋਗਿੰਦਰ ਸਿੰਘ ਲਾਂਬੜਾ, ਜਨਰਲ ਸਕੱਤਰ ਭਾਈ ਅਮਰੀਕ ਸਿੰਘ, ਭਾਈ ਹਰਵਿੰਦਰ ਸਿੰਘ ਪਿੰਡਾਂ ਵਾਲੇ, ਇਟਲੀ ਕਬੱਡੀ ਫੈਡਰੇਸ਼ਨ (ਢਿਲੋਂ) ਦੇ ਪ੍ਰਧਾਨ ਸ: ਕਰਮਜੀਤ ਸਿੰਘ ਢਿਲੋਂ, ਕਾਰਜਕਾਰੀ ਪ੍ਰਧਾਨ ਸ: ਨਰਿੰਦਰਪਾਲ ਸਿੰਘ ਬਿੱਟੂ, ਜਨਰਲ ਸਕੱਤਰ ਸ: ਨਰਿੰਦਰ ਸਿੰਘ ਤਾਜਪੁਰੀ, ਮੀਤ ਪ੍ਰਧਾਨ ਸ: ਜਸਵੀਰ ਸਿੰਘ ਮਾਧੋਪੁਰ, ਪੰਜਾਬ ਯੂਥ ਕਲੱਬਜ਼ ਆਰਗੇਨਾਈਜੇਸ਼ਨ, ਇਟਲੀ ਦੇ ਚੇਅਰਮੈਨ ਸ: ਕਿਰਪਾਲ ਸਿੰਘ ਹੁੰਦਲ, ਮੁੱਖ ਸਕੱਤਰ ਸ: ਜਤਿੰਦਰ ਸਿੰਘ ਬੁਗਲੀ, ਮੀਤ ਪ੍ਰਧਾਨ ਸ: ਜਸਵੀਰ ਸਿੰਘ ਬਨਵੈਤ, ਜਨਰਲ ਸਕੱਤਰ ਸ: ਸਰਬਜੀਤ ਸਿੰਘ ਢੱਕ ਦੇ ਨਾਮ ਵਰਨਣਯੋਗ ਹਨ।

# ਸ: ਨਿਰਮਲ ਸਿੰਘ ਸੇਖੋਂ ਅਤੇ ਸ: ਬਲਵੰਤ ਸਿੰਘ ਬਾਸੀ ਵੱਲੋਂ ਗੁਰਮੇਲ ਸਿੰਘ ਦੇ ਕਤਲ ਦੀ ਨਿੰਦਾ


ਗੁਰਮੇਲ ਸਿੰਘ

ਹਡਰਸਫੀਲਡ : ਇਥੇ ਪਿਛਲੇ ਦਿਨੀਂ ਸ: ਗੁਰਮੇਲ ਸਿੰਘ ਹੇਅਰ (ਪਿੰਡ ਲਿੱਤਰਾਂ) ਵਾਲਿਆਂ ਦੀ ਬੇ–ਰਹਿਮੀ ਨਾਲ ਕੀਤੀ ਗਈ ਹੱਤਿਆ ਦੀ ਮੰਦਭਾਗੀ ਖਬਰ ਦਾ ਦੁਨੀਆ ਭਰ ਵਿੱਚ ਸੋਗ ਛਾਇਆ ਹੋਇਆ ਹੈ। ਇਹ ਇਕ ਮਹਾਨ ਹਸਤੀ ਸ: ਮਹਿੰਗਾ ਸਿੰਘ ਲਿੱਤਰ ਦੇ ਸਪੁੱਤਰ ਸਨ ਅਤੇ ਉੱਘੇ ਕਾਮਰੇਡ ਸ: ਦਰਸ਼ਨ ਸਿੰਘ ਹੇਅਰ ਦੇ ਛੋਟੇ ਭਾਈ ਸਨ। ਇਹ ਪ੍ਰਵਾਰ 1963 ਤੋਂ ਹੀ ਹਡਰਸਫ਼ੀਲਡ ਵਿਖੇ ਰਹਿ ਰਿਹਾ ਹੈ। 20 ਫਰਵਰੀ ਦੀ ਸ਼ਾਮ ਇਸ ਪ੍ਰਵਾਰ ਲਈ ਭਿਆਨਕ ਰੂਪ ਧਾਰ ਕੇ ਆ ਗਈ ਕਿ ਚਾਰ ਲੁਟੇਰਿਆਂ ਨੇ ਗੁਰਮੇਲ ਸਿੰਘ ਦੀ ਹੱਤਿਆ ਉਸ ਦੀ ਦੁਕਾਨ ਵਿੱਚ ਹੀ ਕਰ ਦਿੱਤੀ। ਗੁਰਮੇਲ ਸਿੰਘ ਨੇ ਆਪਣਾ 63ਵਾਂ ਜਨਮ ਦਿਨ ਸਿਰਫ਼ ਇਕ ਦਿਨ ਪਹਿਲਾਂ ਹੀ ਮਨਾਇਆ ਸੀ।

ਗੁਰਮੇਲ ਸਿੰਘ ਬੜੇ ਹੀ ਨੇਕ, ਹੱਸਮੁਖ ਅਤੇ ਮਿਹਨਤੀ ਇਨਸਾਨ ਸਨ ਅਤੇ ਇਕ ਹੋਣਹਾਰ ਸਪੁੱਤਰ, ਪਤੀ, ਭਾਈ, ਪਿਤਾ ਅਤੇ ਗਰੈਂਡ ਸਨ। ਗੁਰਮੇਲ ਸਿੰਘ ਦੀ ਮੌਤ ਦਾ ਇਥੋਂ ਦੀ ਹਰ ਇਕ ਕਮਿਊਨਿਟੀ ਦੇ ਲੋਕਾਂ ਨੇ ਬਹੁਤ ਦੁਖ ਪ੍ਰਗਟ ਕੀਤਾ ਹੈ। ਗੁਰਮੇਲ ਸਿੰਘ ਦੀ ਘਾਟ ਪ੍ਰਵਾਰ ਨੂੰ ਜਿਥੇ ਹੋਈ ਉਥੇ ਸਾਰੀਆਂ ਹੀ ਕਮਿਊਨਿਟੀਆਂ ਨੂੰ ਬਹੁਤ ਘਾਟ ਮਹਿਸੂਸ ਹੋਈ ਹੈ। ਉਨ੍ਹਾਂ ਦੀ ਯਾਦ ਕਦੇ ਵੀ ਨਹੀਂ ਭੁੱਲ ਸਕਦੀ। ਅਸੀਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪ੍ਰਵਾਰ ਨਾਲ ਦੁਖ ਸਾਂਝਾ ਕਰਦੇ ਹਾਂ ਅਤੇ ਪ੍ਰਮਾਤਮਾ ਦੇ ਚਰਨ ਕਮਲਾਂ ਵਿੱਚ ਅਰਦਾਸ ਬੇਨਤੀ ਕਰਦੇ ਹਾਂ ਕਿ ਗੁਰ–ਮੇਲ ਸਿੰਘ ਦੀ ਰੂਹ ਆਤਮਾ ਨੂੰ ਆਪਣੇ ਚਰਨਾਂ ਕਮਲਾ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

# ਬੱਬਰ ਖ਼ਾਲਸਾ ਨੇ ਹਿਮਾਚਲ ਦੇ ਮੰਦਰਾਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ

**ਨਵੀਂ ਦਿੱਲੀ-ਬੱਬਰ ਖ਼ਾਲਸਾ ਨੇ ਨਰਾਤਿਆਂ ਦੌਰਾਨ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਦਰਾਂ ਨੂੰ ਨਿਸ਼ਾਨਾ ਬਣਾਉਣ ਦੀ ਚੇਤਾਵਨੀ ਦਿੱਤੀ ਹੈ। ਇਹ ਦਾਅਵਾ ਸੀ.ਆਈ.ਡੀ. ਦੇ ਵਧੀਕ ਡਾਇਰੈਕਟਰ ਜਨਰਲ ਨੇ ਕੀਤਾ ਹੈ। ਚਿੱਠੀ 'ਚ ਕਿਹਾ ਗਿਆ ਹੈ ਕਿ ਨੈਣਾ ਦੇਵੀ, ਬ੍ਰਜੇਸ਼ਵਰੀ ਦੇਵੀ ਮੰਦਰ, ਚਾਮੁੰਡਾ ਦੇਵੀ, ਕਾਂਗੜਾ, ਜਵਾਲਾਮੁਖੀ ਮੰਦਰਾਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਸੁਰੱਖਿਆ ਅਧਿਕਾਰੀ ਇਸ ਚਿੱਠੀ ਦੀ ਅਸਲੀਅਤ ਜਾਣਨ ਲਈ ਪੜਤਾਲ ਕਰ ਰਹੇ ਹਨ। ਦੱਸਿਆ ਗਿਆ ਹੈ ਕਿ ਹਿਮਾਚਲ ਦੇ ਕਈ ਸ਼ਹਿਰਾਂ ਵਿਚ ਬੱਬਰ ਖ਼ਾਲਸਾ ਦੇ ਧਮਕੀ ਭਰੇ ਪੋਸਟਰ ਵੀ ਲੱਗੇ ਹਨ। ਅਗਲੇ ਮਹੀਨੇ ਸ਼ੁਰੂ ਹੋਣ ਵਾਲੇ ਨਰਾਤਿਆਂ ਲਈ ਪਹਿਲਾਂ ਹੀ ਚੌਕਸੀ ਵਧਾ ਦਿੱਤੀ ਗਈ ਹੈ। ਪਿਛਲੇ ਮਹੀਨੇ ਖ਼ੁਫ਼ੀਆ ਏਜੰਸੀਆਂ ਨੇ ਚੇਤਾਵਨੀ ਦਿੱਤੀ ਸੀ ਕਿ ਲਸ਼ਕਰ ਤੇ ਬੱਬਰ ਖ਼ਾਲਸਾ ਨੇ ਭਾਰਤ 'ਚ ਦਹਿਸ਼ਤੀ ਹਮਲੇ ਕਰਨ ਲਈ ਹੱਥ ਮਿਲਾ ਲਏ ਹਨ।।**

# 44ਵਾਂ ਇੰਡੀਆ ਇੰਟਰਨੈਸ਼ਨਲ ਗਾਰਮੈਂਟ ਫੇਅਰ ਕਰਵਾਇਆ ਗਿਆ





ਪਿਛਲੇ ਦਿਨੀਂ ਨਵੀਂ ਦਿੱਲੀ ਦੇ ਪਰਗਤੀ ਮੈਦਾਨ ਵਿਖੇ 44ਵਾਂ ਇੰਡੀਆ ਇੰਟਰਨੈਸ਼ਨਲ ਗਾਰਮੈਂਟ ਫੇਅਰ ਕਰਵਾਇਆ ਗਿਆ। ਜਿਸ ਵਿਚ ਸ਼ਾਮਿਲ ਹੋਣ ਲਈ ਹੋਲੈਂਡ ਵਾਸੀ ਆਈ ਓ ਸੀ ਯੂਰਪ ਦੇ ਪ੍ਰਧਾਨ ਐਸ ਐਸ ਰਾਣਾ ਨੂੰ ਵਿਸ਼ੇਸ਼ ਤੌਰ ਤੇ ਸੱਦਾ ਦਿੱਤਾ ਗਿਆ। ਇਸ ਮੇਲੇ ਵਿਚ ਸ਼ਾਮਿਲ ਹੋਣ ਲਈ ਪ੍ਰਵਾਸੀ ਭਾਰਤੀ ਵਪਾਰੀਆਂ ਨੂੰ ਮੁਫ਼ਤ ਹਵਾਈ ਟਿਕਟ, ਪੰਜ ਤਾਰਾ ਹੋਟਲ ਵਿਚ ਠਹਿਰਨ ਅਤੇ ਮੁਫ਼ਤ ਆਵਾਜਾਈ ਲਈ ਸਾਧਨ ਅਤੇ ਵਧੀਆ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ।

ਇਹ ਮੇਲਾ ਭਾਰਤ ਵਿਚ ਤਿਆਰ ਕੀਤੇ ਜਾਣ ਵਾਲੇ ਵਧੀਆ ਕਿਸਮ ਦੇ ਕੱਪੜਿਆਂ ਦੀ ਨੁਮਾਇਸ਼ ਕਰਨ ਲਈ ਆਯੋਜਿਤ ਕੀਤਾ ਗਿਆ ਸੀ। ਇਸ ਵਿਚ ਦੁਨੀਆ ਭਰ ਵਿਚੋਂ ਵਪਾਰੀ ਸ਼ਾਮਿਲ ਹੋਏ। ਰਾਣਾ ਨੇ ਕਿਹਾ ਕਿ ਮੈਂ ਇਸ ਮੇਲੇ ਵਿਚ ਪਿਛਲੇ 25 ਸਾਲਾਂ ਤੋਂ ਹਰ ਸਾਲ ਸ਼ਿਰਕਤ ਕਰਦਾ ਆ ਰਿਹਾ ਹਾਂ। ਉੱਪਰ ਤਸਵੀਰਾਂ ਵਿਚ ਕੱਪੜਿਆਂ ਦਾ ਪ੍ਰਦਰਸ਼ਨ ਕਰਦੀਆਂ ਹੋਈਆਂ ਮਾਡਲ ਲੜਕੀਆਂ ਹੇਠਾਂ ਮੇਲੇ ਦਾ ਅਨੰਦ ਮਾਣਦੇ ਹੋਏ, ਖੱਬੇ ਤੋਂ ਕਰਮਜੀਤ ਸਿੰਘ ਕੈਨੇਡਾ, ਰਾਜੇਸ਼ ਅਗਰਵਾਲ ਯੂ ਐਸ ਏ ਅਤੇ ਸੁਰਿੰਦਰ ਸਿੰਘ ਰਾਣਾ ਹੋਲੈਂਡ ਨਜ਼ਰ ਆ ਰਹੇ ਹਨ।

# ਮੌਨਿਕਾ ਕੌਰ ਵਲੋਂ ਅੰਮ੍ਰਿਤਸਰ ਏਅਰਪੋਰਟ ਤੇ ਸ਼ਗਨ ਦੇ ਗਹਿਣੇ ਕੱਢ ਲੈਣ ਦਾ ਦੋਸ਼

ਬਰੇਸ਼ੀਆ–(ਬੂਰੇਜੱਟਾਂ) ਪਿਛਲੇ ਦਿਨੀਂ ਅੰਮ੍ਰਿਤ–ਸਰ ਸਾਹਿਬ ਦੇ ਰਾਜਾਸਾਂਸੀ ਏਅਰਪੋਰਟ ਤੇ ਏਅਰ ਸਲੋਵਾਕੀਆ ਦੀ ਬੀ ਐਮ 56 ਫਲਾਈਟ ਰਾਹੀਂ 23 ਫਰਵਰੀ ਨੂੰ ਇਟਲੀ ਪਹੁੰਚੀ ਮੌਨਿਕਾ ਕੌਰ ਨੇ ਇਸ ਪੱਤਰਕਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਨੇ ਅੰਮ੍ਰਿਤਸਰ ਏਅਰਪੋਰਟ ਤੋਂ 22 ਫਰਵਰੀ ਨੂੰ ਜਦ ਫਲਾਈਟ ਲਈ ਤਾਂ ਸਹੀ ਟਾਈਮ ਤੋਂ 4–5 ਘੰਟੇ ਲੇਟ ਹੋਈ ਫਲਾਈਟ ਦੌਰਾਨ ਏਅਰਪੋਰਟ ਤੇ ਤਾਇਨਾਤ ਅਧਿਕਾਰੀਆਂ ਨੇ ਸਮਾਨ ਜਮਾਂ ਕਰਵਾਉਣ ਉਪਰੰਤ ਉਸ ਨੂੰ ਆਪਣਾ ਹੈਂਡ ਬੈਗ ਵੀ ਜਮਾਂ ਕਰਵਾਉਣ ਲਈ ਵਾਰ–ਵਾਰ ਦਬਾਅ ਪਾਇਆ, ਜਿਸ ਵਿੱਚ ਉਸ ਦੇ ਵਿਆਹ ਦੇ ਵਿਸ਼ੇਸ਼ ਸੋਨੇ ਦੇ ਦੋ ਸੈਟ ਸਨ। ਉਸ ਦੇ ਵਾਰ ਵਾਰ ਮਨਾ ਕਰਨ ਦੇ ਬਾਵਜੂਦ ਅਧਿਕਾਰੀਆਂ ਨੇ ਉਸ ਨੂੰ ਹੈਂਡ ਬੈਗ ਜਮਾਂ ਕਰਵਾਉਣ ਲਈ ਕਿਹਾ।

ਜਦ ਉਸ ਨੇ ਇਟਲੀ ਦੇ ਬੈਰਗਾਮੋ ਏਅਰਪੋਰਟ ਤੇ ਪਹੁੰਚ ਕੇ ਆਪਣਾ ਸਮਾਨ ਲਿਆ ਤਾਂ ਉਸ ਦੇ ਅਟੈਚੀਆਂ ਦੇ ਜਿੰਦਰੇ ਟੁੱਟੇ ਹੋਏ ਸਨ ਅਤੇ ਉਸ ਵਿੱਚੋਂ ਉਸ ਦੇ ਸੋਨੇ ਦੇ ਦੋਵੇਂ ਸੈਟ ਗਾਇਬ ਸਨ। ਉਸ ਨੇ ਬੈਰਗਾਮੋ ਏਅਰਪੋਰਟ ਤੇ ਆਪਣੇ ਗਾਇਬ ਹੋਏ ਸਮਾਨ ਦੀ ਰਿਪੋਰਟ ਦਰਜ ਕਰਵਾ ਦਿੱਤੀ ਹੈ। ਉਸ ਨੇ ਦੱਸਿਆ ਕਿ ਰਾਜਾਸਾਂਸੀ ਏਅਰਪੋਰਟ ਤੇ ਉਸੁ ਦੇ ਸਮਾਨ ਦੀ ਸਕੈਨਿੰਗ ਹੋਣ ਉਪਰੰਤ ਉਥੋਂ ਦੇ ਅਧਿਕਾਰੀਆਂ ਨੂੰ ਪਤਾ ਲੱਗ ਗਿਆ ਸੀ ਕਿ ਮੇਰੇ ਹੈਂਡ ਬੈਗ ਵਿੱਚ ਮੇਰੇ ਵਿਆਹ ਦੇ ਸ਼ਗਨ ਉਪਰੰਤ ਪਾਏ ਗਏ ਸੋਨੇ ਦੇ ਗਹਿਣੇ ਹਨ, ਜਿਸ ਉਪਰੰਤ ਉਥੋਂ ਦੇ ਅਧਿਕਾਰੀਆਂ ਨੇ ਵਾਰ ਵਾਰ ਮੈਨੂੰ ਫੋਰਸ ਕੀਤਾ ਕਿ ਮੈਂ ਆਪਣਾ ਹੈਂਡ ਬੈਗ ਵੀ ਜਮਾਂ ਕਰਵਾ ਦੇਵਾਂ। ਉਸ ਨੇ ਦੋਸ਼ ਲਾਇਆ ਕਿ ਅੰਮ੍ਰਿਤਸਰ ਏਅਰਪੋਰਟ ਤੇ ਮੇਰੇ ਬੈਗ ਜਮਾਂ ਕਰਵਾਉਣ ਉਪਰੰਤ ਉਥੇ ਡਿਊਟੀ ਤੇ ਹਾਜ਼ਿਰ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਮੇਰੇ ਬੈਗ ਦਾ ਤਾਲਾ ਤੋੜਕੇ ਮੇਰੇ ਸ਼ਗਨ ਦੇ ਕੀਮਤੀ ਗਹਿਣੇ ਕੱਢ ਲਏ ਗਏ। ਉਸ ਨੇ ਅੰਮ੍ਰਿਤਸਰ ਏਅਰਪੋਰਟ ਤੇ 22 ਫਰਵਰੀ ਨੂੰ ਹਾਜ਼ਿਰ ਅਧਿਕਾਰੀਆਂ ਵਿਰੁੱਧ ਸਖਤੀ ਨਾਲ ਕਾਰਵਾਈ ਦੀ ਮੰਗ ਕੀਤੀ ਤਾਂ ਕਿ ਏਅਰਪੋਰਟ ਤੇ ਪੰਜਾਬੀ ਭਾਈਚਾਰੇ ਨਾਲ ਹੁੰਦੀ ਲੁੱਟ ਖਸੁੱਟ ਤੋਂ ਬਚਿਆ ਜਾ ਸਕੇ।

# ਜਗਪਾਲਪੁਰ ਨਿਵਾਸੀ ਸੁਖਵਿੰਦਰ ਸਿੰਘ ਬਿੱਲਾ ਦੀ ਇਟਾਲੀਅਨ ਨਾਗਰਿਕ ਦੀ ਕਾਰ ਦੀ ਲਪੇਟ ਵਿੱਚ ਆਉਣ ਨਾਲ ਮੌਤ



ਮਾਨਤੋਵਾ–(ਇਟਲੀ)–(ਕੁਮਾਰ)–ਪੰਜ–ਆਬ ਸਪੋਰਟਸ ਕਲੱਬ ਸੁਜਾਰਾ ਦੇ ਪ੍ਰਧਾਨ ਸ੍ਰ ਸਤਨਾਮ ਸਿੰਘ ਮੈਟਾ ਦੇ ਭਰਾ ਸੁਖਵਿੰਦਰ ਸਿੰਘ ਬਿੱਲਾ ਦੀ ਮਾਨਤੋਵਾ ਜਿਲੇ ਦੇ ਪੈਂਦੇ ਕਸਬੇ ਬਰੂਸਾ ਤਾਸੋ(ਸੁਜਾਰਾ)ਵਿੱਚ ਕਾਰ ਦੀ ਲਪੇਟ ਵਿੱਚ ਆਉਣ ਨਾਲ ਮੌਕੇ ਤੇ ਹੀ ਮੌਤ ਹੋ ਗਈ ਇਹ ਭਾਣਾ ਉਸ ਵੇਲੇ ਵਰਤਿਆ ਜਦੋ ਸੁਖਵਿੰਦਰ ਸਿੰਘ ਬਿੱਲਾ ਆਪਣੇ ਇਕ ਦੋਸਤ ਪਰਮਜੀਤ ਸਿੰਘ ਨਾਲ ਸਾਮੀ 6:50 ਵਜੇ ਸੜਕ ਦੇ ਕਿਨਾਰੇ ਤੇ ਪੈਦਲ ਜਾ ਰਿਹਾ ਸੀ ਉਹ ਆਪਣੇ ਘਰ ਤੋ ਤੋ ਅਜੇ 500 ਮੀਟਰ ਦੀ ਦੂਰੀ ਤੇ ਹੀ ਗਿਆ ਸੀ ਕਿ ਇੱਕ ਤੇਜ ਰਫਤਾਰ ਇਟਾਲੀਅਨ ਨਾਗਰਿਕ ਦੀ ਕਾਰ ਦੀ ਲਪੇਟ ਵਿੱਚ ਆ ਗਏ ਜਿਸ ਨਾਲ ਸੁਖਵਿੰਦਰ ਸਿੰਘ ਦੀ ਮੌਕੇ ਤੇ ਹੀ ਮੌਤ ਹੋ ਗਈ ਅਤੇ ਉਸਦੇ ਦੋਸਤ ਪਰਮਜੀਤ ਸਿੰਘ ਦੀ ਲੱਤ ਟੁੱਟ ਗਈ ਅਤੇ ਕਾਫੀ ਸੱਟਾ ਵੀ ਲੱਗੀਆ।ਅਤੇ ਉਸਨੂੰ ਤੁਰੰਤ ਜੇਰੇ ਇਲਾਜ ਲਈ ਹਸਪਤਾਲ ਵਿੱਚ ਲੈ ਗਏ।ਸੁਖਵਿੰਦਰ ਸਿੰਘ ਆਪਣੇ ਭਰਾ ਸਤਨਾਮ ਸਿੰਘ ਮੈਟਾਂ ਨਾਲ ਪਿਛਲੇ ਦੋ ਸਾਲ ਤੋ ਸੁਜਾਰਾ ਮਾਨਤੋਵਾ ਵਿਖੇ ਰਹਿ ਰਿਹਾ ਸੀ ਸੁਖਵਿੰਦਰ ਸਿੰਘ ਅਪਣੇ ਪਿਛੇ ਵਿਧਵਾ ਪਤਨੀ ਅਤੇ ਦੋ ਬੱਚੇ ਛੱਡ ਗਏ ਹਨ।

# ਐੱਨ. ਆਰ. ਆਈ. ਨੇ ਸਕੂਲ ਨੂੰ ਪਾਣੀ ਵਾਲੀ ਟੈਂਕੀ ਭੇਟ ਕੀਤੀ



**ਜਲੰਧਰ-ਇੰਗਲੈਂਡ ਨਿਵਾਸੀ ਗੁਰੂ ਰਵਿਦਾਸ ਸਭਾ ਸਾਊਥਾਲ ਦੇ ਟਰੱਸਟੀ ਸੋਹਣ ਲਾਲ ਚੁੰਬਰ ਐੱਨ. ਆਰ. ਆਈ. ਨੇ ਰਾਮਾ ਮੰਡੀ ਦੇ ਸਮਾਜ ਸੇਵਕ ਅਤੇ ਉੱਘੇ ਦਲਿਤ ਆਗੂ ਚਮਨ ਲਾਲ ਜੱਸਲ ਤੇ ਮਨਦੀਪ ਕੁਮਾਰ ਜੱਸਲ ਯੂਥ ਆਗੂ ਦੇ ਕਹਿਣ 'ਤੇ ਇੱਕ ਪਾਣੀ ਵਾਲੀ ਟੈਂਕੀ ਸਰਕਾਰੀ ਪ੍ਰਾਇਮਰੀ ਸਕੂਲ ਕਾਕੀ ਪਿੰਡ ਨੂੰ ਭੇਟ ਕੀਤੀ। ਇਸ ਮੌਕੇ 'ਤੇ ਬੱਚਿਆਂ ਨੂੰ ਐੱਨ. ਆਰ. ਆਈ. ਵੱਲੋਂ ਫਰੂਟ ਤੇ ਸਟੇਸ਼ਨਰੀ ਵੀ ਵੰਡੀ ਗਈ।**